ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ
ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਐਸ.ਏ.ਐਸ.ਨਗਰ, ਮੋਹਾਲੀ
ਈਮੇਲ: directorscert@punjabeducation.gov.in, ਫੋਨ ਨੰ: 0172-2212221

20 268/10
22/6/2026

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ/ਸੈ.ਸਿ)

ਮੀਮੋ ਨੰ. 479/GEC/2026 ਮਿਤੀ : 19.06.2026

ਵਿਸ਼ਾ: ਵਿਸ਼ਵ ਵਾਤਾਵਰਣ ਦਿਵਸ–2026 ਦੇ ਸਬੰਧ ਵਿੱਚ ਈਕੋ ਕਲੱਬ ਫਾਰ ਮਿਸ਼ਨ LiFE ਅਧੀਨ ਗਤੀਵਿਧੀਆਂ ਕਰਵਾਉਣ ਸਬੰਧੀ ।

1.0 ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਸਿੱਖਿਆ ਮੰਤਰਾਲਾ, ਭਾਰਤ ਸਰਕਾਰ ਵੱਲੋਂ ਵਿਸ਼ਵ ਵਾਤਾਵਰਣ ਦਿਵਸ–2026 ਦੇ ਮੌਕੇ 'ਤੇ ਵਿਦਿਆਰਥੀਆਂ ਵਿੱਚ ਵਾਤਾਵਰਣ ਸੰਭਾਲ ਅਤੇ ਟਿਕਾਊ ਜੀਵਨ ਸ਼ੈਲੀ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਈਕੋ ਕਲੱਬ ਫਾਰ ਮਿਸ਼ਨ LiFE ਅਧੀਨ ਵੱਖ-ਵੱਖ ਗਤੀਵਿਧੀਆਂ ਕਰਨ ਦੀ ਕਰਵਾਈਆਂ ਜਾ ਰਹੀਆਂ ਹਨ।

2.0 ਸਕੂਲਾਂ ਵਿੱਚ Green Summer Camps ਆਯੋਜਿਤ ਕੀਤੇ ਜਾਣੇ ਹਨ। ਕਿਉਂਕਿ ਇਸ ਸਮੇਂ ਸਕੂਲ ਗਰਮੀ ਦੀਆਂ ਛੁੱਟੀਆਂ ਕਾਰਨ ਬੰਦ ਹਨ, ਨਾਲ ਨੱਥੀ ਗਤੀਵਿਧੀਆਂ ਸਬੰਧੀ ਜਾਣਕਾਰੀ ਵਿਦਿਆਰਥੀਆਂ ਤੱਕ ਪਹੁੰਚਾਈ ਜਾਵੇ ਅਤੇ ਉਨ੍ਹਾਂ ਨੂੰ 30.06.2026 ਤੱਕ ਆਪਣੇ ਘਰਾਂ ਵਿੱਚ ਹੀ ਵਾਤਾਵਰਣ ਪੱਖੀ ਗਤੀਵਿਧੀਆਂ ਕਰਨ ਲਈ ਪ੍ਰੇਰਿਤ ਕੀਤਾ ਜਾਵੇ।

- ਮਿਸ਼ਨ LiFE ਪ੍ਰਤੀਗਿਆ ਲੈਣ ।
- Reduce E-waste - ਵਿਦਿਆਰਥੀ ਆਪਣੇ ਘਰਾਂ ਵਿਚੋਂ e-waste ਇਕੱਠਾ ਕਰਕੇ ਉਸਦੀ ਸੂਚੀ ਬਣਾਉਣ ਅਤੇ ਅਧਿਆਪਕਾਂ ਦੁਆਰਾ ਵਿਦਿਆਰਥੀਆਂ ਨੂੰ E-waste ਦੇ ਸਹੀ Disposal ਸਬੰਧੀ ਜਾਗਰੂਕ ਕੀਤਾ ਜਾਵੇ।
- Reduce Waste- ਵਿਦਿਆਰਥੀਆਂ ਦੁਆਰਾ ਆਪਣੇ ਘਰ ਅਤੇ ਆਲੇ-ਦੁਆਲੇ ਦੀ ਸਫਾਈ ਕੀਤੀ ਜਾਵੇ। ਇਸ ਸਬੰਧੀ ਅਧਿਆਪਕ ਦੁਆਰਾ ਵਿਆਰਥੀਆਂ ਨੂੰ Waste segregation, two-bin system ਆਦਿ ਬਾਰੇ ਜਾਣਕਾਰੀ ਦਿੱਤੀ ਜਾਵੇ।
- Save Energy- ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਬਿਜਲੀ ਦੀ ਬੱਚਤ ਕਰਨ ਸਬੰਧੀ ਜਾਗਰੂਕ ਕੀਤਾ ਜਾਵੇ ਤਾਂ ਜੋ ਉਹ ਘਰਾਂ ਵਿੱਚ ਬਿਜਲੀ ਦੀ ਬਚੱਤ ਸਬੰਧੀ ਗਤੀਵਿਧੀਆਂ ਕਰ ਸਕਣ।
- Save Water- ਵਿਦਿਆਰਥੀਆਂ ਨੂੰ ਪਾਣੀ ਦੀ ਬੱਚਤ ਸਬੰਧੀ ਦੱਸਿਆ ਜਾਵੇ ਅਤੇ ਘਰਾਂ ਵਿੱਚ ਪਾਣੀ ਦੀ ਲਿਕੇਜ ਸਬੰਧੀ ਚੈੱਕ ਕੀਤਾ ਜਾਵੇ। ਇਸ ਸਬੰਧੀ ਵਿਦਿਆਰਥੀਆਂ ਨੂੰ ਰਿਪੋਰਟ ਤਿਆਰ ਕਰਨ ਲਈ ਕਿਹਾ ਜਾਵੇ। (No. of leaks detected and reduction in water consumption over a week )
- Say No to Single Use Plastic- ਵਿਦਿਆਰਤੀਆਂ ਨੂੰ ਇੱਕ ਵਾਰ ਵਰਤੇ ਜਾਣ ਵਾਲੇ ਪਲਾਸਟਿਕ ਦੀ ਵਰਤੋਂ ਘਟਾਉਣ ਅਤੇ Poster making, debates, slogan writing, essay writing ਆਦਿ ਗਤੀਵਿਧੀਆਂ ਕਰਵਾਈਆਂ ਜਾਣ।

ਉਕਤ ਗਤੀਵਿਧੀਆਂ ਨੂੰ ਈਕੋ ਕਲੱਬ ਫਾਰ ਮਿਸ਼ਨ LiFE ਪੋਰਟਲ ਤੇ ਅਪਲੋਡ ਕੀਤਾ ਜਾਵੇ।

3.0 ਇਸ ਤੋਂ ਬਾਅਦ ਸਕੂਲ ਖੁੱਲ੍ਹਣ ਉਪਰੰਤ ਮਿਤੀ 01.07.2026 ਤੋਂ 15.07.2026 ਤੱਕ ਸਿੱਖਿਆ ਮੰਤਰਾਲੇ ਵੱਲੋਂ ਪ੍ਰਾਪਤ ਨਾਲ ਨੱਥੀ ਗਤੀਵਿਧੀਆਂ ਸਕੂਲ ਪੱਧਰ 'ਤੇ ਕਰਵਾਈਆਂ ਜਾਣ। ਸਾਰੇ ਸਕੂਲ ਮੁਖੀ ਇਹ ਯਕੀਨੀ ਬਣਾਉਣ ਕਿ

ਕਰਵਾਈਆਂ ਗਈਆਂ ਗਤੀਵਿਧੀਆਂ ਨੂੰ ਈਕੋ ਕਲੱਬ ਫਾਰ ਮਿਸ਼ਨ LiFE ਪੋਰਟਲ (https://ecoclubs.education.gov.in/) 'ਤੇ ਸਮੇਂ ਸਿਰ ਅਪਲੋਡ ਕੀਤਾ ਜਾਵੇ।

4.0 ਉਕਤ ਤੋਂ ਇਲਾਵਾ, ਸਿੱਖਿਆ ਮੰਤਰਾਲਾ ਵੱਲੋਂ ਭੇਜੀਆਂ ਗਈਆਂ ਭਾਰਤ ਦੀਆਂ Nationally Determined Contributions (NDCs) ਸਬੰਧੀ ਇਨਫੋਗ੍ਰਾਫਿਕਸ ਅਤੇ ਜਾਗਰੂਕਤਾ ਸਮੱਗਰੀ ਵੀ ਸਮੂਹ ਸਕੂਲਾਂ ਨਾਲ ਸਾਂਝੀ ਕੀਤੀ ਜਾਵੇ ਤਾਂ ਜੋ ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚ ਜਲਵਾਯੂ ਪਰਿਵਰਤਨ, ਸਾਫ਼ ਊਰਜਾ, ਵਣ ਸੰਭਾਲ, ਟਿਕਾਊ ਵਿਕਾਸ ਅਤੇ ਭਾਰਤ ਦੀਆਂ ਜਲਵਾਯੂ ਵਚਨਬੱਧਤਾਵਾਂ ਬਾਰੇ ਜਾਗਰੂਕਤਾ ਪੈਦਾ ਕੀਤੀ ਜਾ ਸਕੇ। ਇਸ ਸਬੰਧੀ ਨਾਲ ਨੱਥੀ ਪੋਸਟਰਾਂ ਨੂੰ ਸਕੂਲਾਂ ਵਿੱਚ ਲਗਵਾਇਆ ਜਾਵੇ।

5.0 ਉਕਤ ਸਬੰਧੀ ਆਪਣੇ ਅਧੀਨ ਆਉਂਦੇ ਸਮੂਹ ਸਕੂਲਾਂ (ਸਰਕਾਰੀ/ਏਡਿਡ/ਪ੍ਰਾਇਵੇਟ) ਨੂੰ ਹਦਾਇਤ ਕੀਤੀ ਜਾਵੇ ਕਿ ਸਮੇਂ ਸਿਰ ਗਤੀਵਿਧੀਆਂ ਨੂੰ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਨੱਥੀ-1. ਗਤੀਵਿਧੀਆਂ ਦੀ ਸੂਚੀ।
2. NDC ਪੋਸਟਰ।

ਕਿਰਨ ਸ਼ਰਮਾ, ਪੀ.ਸੀ.ਐਸ
ਡਾਇਰੈਕਟਰ,ਐੱਸ.ਸੀ.ਈ.ਆਰ.ਟੀ
ਪੰਜਾਬ।

ਪਿੱਠ ਅੰਕਣ ਨੰ. ਉਕਤ ਮਿਤੀ - 19.06.2026

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਡਾਇਰੈਕਟਰ
ਐੱਸ.ਸੀ.ਈ.ਆਰ.ਟੀ,ਪੰਜਾਬ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ. ਸਿ) ਬਠਿੰਡਾ

ਪਿੱਠ ਅੰਕਣ ਨੰ ਕ-6/2026/606 ਮਿਤੀ 23/06/2026

ਉਪਰੋਕਤ ਅੰਕਿਤ ਵਿਸ਼ੇ ਦੇ ਸਬੰਧ ਵਿਚ ਸਮੂਹ ਸਕੂਲ ਮੁੱਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਗਤੀਵਿਧੀਆਂ ਸਮੇਂ ਸਿਰ ਕਰਵਾਈਆਂ ਜਾਣ ਅਤੇ ਉਪਰੋਕਤ ਪੋਰਟਲ ਤੇ ਅਪਲੋਡ ਕਰਨੀਆਂ ਯਕੀਨੀ ਬਣਾਈਆਂ ਜਾਣ।

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ
P.K
23/06/26